# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times 17 ਮਾਰਚ 2024 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ਼ਬਦਜੋਤ ਲੁਧਿਆਣਾ ਵੱਲੋਂ ਨਵੇਂ 52 ਕਵੀਆਂ ਦਾ ਵਿਸ਼ਾਲ ਕਵਿਤਾ ਕੁੰਭ ਸੰਪੂਰਨ

### ਡਾ. ਸੁਰਜੀਤ ਪਾਤਰ, ਡਾ. ਸਰਬਜੀਤ ਸਿੰਘ, ਡਾ. ਦੀਪਕ ਮਨਮੋਹਨ,ਡਾ. ਸੁਖਦੇਵ ਸਿਰਸਾ,ਦਰਸ਼ਨ ਬੁੱਟਰ,ਗੁਰਭਜਨ ਗਿੱਲ ਤੇ ਹੋਰ ਕਵੀਆਂ ਵੱਲੋਂ ਆਸ਼ੀਰਵਾਦ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ:17 ਮਾਰਚ : ਅਦਾਰਾ ਸ਼ਬਦ ਜੋਤ ਵੱਲੋਂ ਅੱਠਵਾਂ ਕਵਿਤਾ ਕੁੰਭ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਇਆ ਗਿਆ । ਇਸ ਕਵਿਤਾ ਮੇਲੇ ਦਾ ਪ੍ਰਬੰਧ ਅਦਾਰਾ ਸ਼ਬਦ ਜੋਤ ਦੇ ਮੈਂਬਰਾਂ ਪ੍ਰਭਜੋਤ ਸੋਹੀ, ਪਾਲੀ ਖਾਦਿਮ, ਰਾਜਦੀਪ ਸਿੰਘ ਤੂਰ, ਰਵਿੰਦਰ ਰਵੀ ਅਤੇ ਮੀਤ ਅਨਮੋਲ ਵੱਲੋਂ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਲੋਕ ਮੰਚ ਪੰਜਾਬ , ਰਾਮ ਸਰੂਪ ਅਣਖੀ ਸਾਹਿਤ ਸਭਾ ਧੌਲਾ ਦੇ ਸਹਿਯੋਗ ਨਾਲ ਕੀਤਾ ਗਿਆ । ਮੰਚ ਸੰਚਾਲਨ ਉੱਘੇ ਪੰਜਾਬੀ ਕਵੀਆਂ ਪ੍ਰਭਜੋਤ ਸੋਹੀ ਤੇ ਪਾਲੀ ਖ਼ਾਦਿਮ ਨੇ ਬੜੇ ਜੀਵੰਤ ਤੇ ਰਸਵੰਤੇ ਅੰਦਾਜ਼ ਵਿੱਚ ਕੀਤਾ।

ਅੱਠਵੇ ਕਵਿਤਾ ਕੁੰਭ ਵਿਚ ਸ਼ਾਮਿਲ ਹੋਏ ਬਵੰਜਾ ਕਵੀਆਂ ਵਿੱਚ ਸਾਹਿਬ ਸੁਰਿੰਦਰ, ਜਗਸੀਰ ਸਿੰਘ ਬਰਾੜ, ਅਦੀਬ ਰਵੀ,



ਜਗਸੀਰ ਬਰਾੜ, ਅਮਰਜੀਤ ਸਿਰਸਾ, ਸੁਰਿੰਦਰ ਅਜਨਬੀ, ਸਾਗਰ ਸਫ਼ਰੀ, ਗੁਰਪ੍ਰੀਤ ਵੜੈਚ, ਅਮਰ ਜ਼ਿੰਦ, ਸੰਦੀਪ ਕੌਰ ਚੀਮਾ, ਪ੍ਰੀਤ ਹਾਮਦ, ਰਜਿੰਦਰ ਰਾਣੀ ਗੰਢੂਆਂ , ਪੂਜਾ ਕੁੰਢਰਕ, ਸੁਖਵਿੰਦਰ ਪਟਿਆਲ਼ਾ, ਹਰਵਿੰਦਰ ਤਤਲਾ, ਬੇਅੰਤ ਗਿੱਲ, ਜੇ ਦੀਪ ਜਤਿੰਦਰ, ਧਾਮੀ ਗਿੱਲ, ਲਵਪ੍ਰੀਤ ਸਿੰਘ, ਰਾਮ ਸਿੰਘ ਭੀਖੀ, ਸਰਘੀ ਕੌਰ ਬੜਿੰਗ, ਪ੍ਰੀਤ ਮਨਪ੍ਰੀਤ, ਸਰਬਜੀਤ ਕੌਰ ਬਰਾੜ, ਸੁਖਚੈਨ ਸਿੰਘ ਕੁਰੜ, ਮਨਜੀਤ ਕੌਰ ਜੀਤ, ਪਵਨਦੀਪ ਚੌਹਾਨ, ਅਮਰਪ੍ਰੀਤ ਕੌਰ ਸੰਘਾ, ਹਰਪ੍ਰੀਤ ਗਾਂਧੀ, ਲਖਵਿੰਦਰ ਮੁਖਾਤਿਬ, ਜਗਤਾਰ ਸਿੰਘ ਅਖਾੜਾ, ਮਨਦੀਪ ਗਿੱਲ, ਨਿਮਰਤ ਸੁੱਖ, ਕਮਲਗੀਤ ਸਰਹੰਦ, ਅਮਿਤ ਆਦੋਆਣਾ, ਗੁਰਜੰਟ ਰਾਜੇਆਣਾ, ਬਿੰਦਰ ਮਾਨ, ਫ਼ੈਸਲ ਖਾਨ, ਹਰਮਨ ਮਾਨ, ਕਰਮਜੀਤ ਸਿੰਘ ਭੱਠਲ ਬਰਨਾਲਾ,ਅਨੰਤ ਗਿੱਲ, ਗੁਰਪ੍ਰੀਤ ਕੌਰ, ਅਵਜਿੰਦਰ ਸਿੰਘ, ਗੁਰਸੇਵਕ ਸਿੰਘ ਢਿੱਲੋਂ, ਸਤੀਸ਼ ਵਿਦਰੋਹੀ, ਸ਼ਮਸ਼ੇਰ ਔਜਲਾ, ਗੁਰਬੀਰ ਆਤਿਫ, ਗੁਰਪ੍ਰੀਤ ਧਰਮਕੋਟ ਆਦਿ ਕਵੀਆਂ ਵੱਲੋਂ ਨਜ਼ਮਾਂ, ਗੀਤਾਂ ਅਤੇ ਗ਼ਜ਼ਲਾਂ ਨਾਲ ਹਾਜ਼ਰੀ ਭਰੀ। ਹਰਵਿੰਦਰ ਸਿੰਘ ਰੋਡੇ ਅਤੇ ਗੁਰਸੇਵਕ ਸਿੰਘ ਬੀੜ ਵੱਲੋਂ ਨਿਵੇਕਲੀ ਬਹੱਤਰ ਕਲੀਆ ਛੰਦ ਦੀ ਪੇਸ਼ਕਾਰੀ ਕਵਿਤਾ ਕੁੰਭ ਨੂੰ ਸਮਰਪਿਤ ਕੀਤੀ ਗਈ ।

ਇਸ ਮੌਕੇ ਉੱਤੇ ਸਹਿਯੋਗੀ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੀ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ, ਬੀਬਾ ਬਲਵੰਤ ਗੁਰਦਾਸਪੁਰ,ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ, ਪੰਜਾਬੀ ਲੋਕ ਵਿਰਾਸਤ ਅਕਾਡਮੀ,ਡਾ. ਦੀਪਕ ਮਨਮੋਹਨ ਸਿੰਘ,ਹਰਵਿੰਦਰ ਸਿੰਘ ਸਿਰਸਾ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਬਲਵਿੰਦਰ ਸਿੰਘ ਚਾਹਲ,ਤ੍ਰੈਲੋਚਨ ਲੋਚੀ,ਜਸਬੀਰ ਝੱਜ, ਮਨਦੀਪ ਕੌਰ ਭੰਵਰਾ, ਬਲਰਾਜ ਧਾਲੀਵਾਲ, ਡਾ. ਜਗਦੀਸ਼ ਕੌਰ ਪੀ ਏ ਯੂ,ਇੰਦਰਜੀਤ ਆਰਟਿਸਸਟ, ਡਾ. ਜੋਗਿੰਦਰ ਸਿੰਘ ਨਿਰਾਲਾ, ਪ੍ਰੋ. ਰਵਿੰਦਰ ਭੱਠਲ, ਡਾ. ਗੁਰਇਕਬਾਲ ਸਿੰਘ, ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਪਿੰਡ ਦਾਦ,ਤਰਸੇਮ ਨੂਰ, ਨਰਿੰਦਰ ਜਟਵਾਣੀ, ਬਲਵਿੰਦਰ ਸੰਧੂ , ਦਰਸ਼ਨ ਢਿੱਲੋਂ ਸੰਪਾਦਕ ਚਰਚਾ ਯੂ ਕੇ,ਸਰਦਾਰ ਪੰਛੀ, ਧਰਮਿੰਦਰ ਸ਼ਾਹਿਰ, ਸੁਖਜੀਵਨ




ਜਾਂਗਰ, ਸੁਰਿੰਦਰਜੀਤ ਚੌਹਾਨ ਪ੍ਰੀਤ ਪ੍ਰਕਾਸ਼ਨ,ਜਸਪ੍ਰੀਤ ਅਮਲਤਾਸ, ਸੋਨਾ ਕਲਸੀਆਂ, ਅਜੀਤ ਪਿਆਸਾ, ਗੁਰਦੀਪ, ਅਲਬੇਲਾ, ਗੁਰਵਿੰਦਰ ਕੋਚਰ, ਗੀਤਕਾਰ ਅਮਰਜੀਤ ਸ਼ੇਰਪੁਰੀ, ਸੁਮੀਤ ਗੁਲਾਟੀ, ਸਤੀਸ਼ ਗੁਲਾਟੀ, ਡਾ. ਦੇਵਿੰਦਰ ਦਿਲਰੂਪ, ਸੁਖਵਿੰਦਰ, ਅਮਨਦੀਪ ਡੱਲੇਵਾਲੀਆ, ਅਨੀ ਕਾਠਗੜ, ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ 2023 ਸਵਰਨਜੀਤ ਸਵੀ, , ਗੁਰਤੇਜ ਕੋਹਾਰਵਾਲਾ, ਅਜੀਮ ਸ਼ੇਖਰ ਯੂ ਕੇ,ਡਾ. ਨਿਰਮਲ ਜੌੜਾ,ਰਾਮ ਸਿੰਘ, ਭਗਵਾਨ ਢਿੱਲੋ, ਬੁੱਧ ਸਿੰਘ ਨੀਲੋਂ, ਸੁਰਿੰਦਰ ਰਾਮਪੁਰੀ, ਗੁਰਦਿਆਲ ਦਲਾਲ, ਉਸਤਾਦ ਗੁਰਦਿਆਲ ਰੌਸ਼ਨ, ਸੁਰਜੀਤ ਸਿੰਘ ਲਾਂਬੜਾ, ਪ੍ਰਮੋਦ ਕਾਫ਼ਰ, ਰਾਜਵਿੰਦਰ ਸਮਰਾਲਾ, ਕਮਲਜੀਤ ਕੌਰ, ਬੰਟੀ ਉੱਪਲ, ਨਵਦੀਪ ਸਿੰਘ ਮੁੰਡੀ, ਅਨਿਲ ਫਤਹਿਗੜ੍ਹ ਜੱਟਾਂ ਪ੍ਰਧਾਨ ਲਿਖਾਰੀ ਸਭਾ ਰਾਮਪੁਰ,ਡਾ. ਸੁਖਦੇਵ ਸਿੰਘ ਸਿਰਸਾ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ ਸਰਬਜੀਤ ਸਿੰਘ, ਮੀਤ ਪ੍ਰਧਾਨ ਡਾ ਪਾਲ ਕੌਰ, ਜਸਪਾਲ ਮਾਨਖੇੜਾ, ਪੰਜਾਬੀ ਸਾਹਿੱਤ ਅਕਾਡਮੀ ਦੇ ਜਨਰਲ ਸਕੱਤਰ ਡਾ.ਗੁਲਜ਼ਾਰ ਸਿੰਘ ਪੰਧੇਰ, ਰਿਸ਼ੀ ਹਿਰਦੇਪਾਲ, ਅਰਸ਼ਦੀਪ ਸਿੰਘ ਬਾਠ, ਦਵਿੰਦਰ ਦਿਲਰੂਪ, ਸ਼ੁਸੀਲ, ਗੁਰਸੇਵਕ ਸਿੰਘ ਢਿੱਲੋਂ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੋਸਾਂਝ, ਕਮਲ ਦੋਸਾਂਝ,ਡਾ. ਜਗਵਿੰਦਰ ਜੋਧਾ, ਦੀਪਕ ਬਾਲੀ, ਐਡਵੋਕੇਟ ਹਰਸਿਮਰਤ ਕੌਰ, ਅਮਰਜੀਤ ਕੌਂਕੇ, ਅਮਨਦੀਪ ਸਿੰਘ ਟੱਲੇਵਾਲੀਆ, ਬਲਵਿੰਦਰ ਸੰਧੂ, ਕੰਵਰਜੀਤ ਭੱਠਲ,ਬਲਕੌਰ ਸਿੰਘ ਗਿੱਲ,ਪ੍ਰੋ. ਜਸਲੀਨ ਕੌਰ, ਕਰਮ ਸਿੰਘ ਸੰਧੂ, ਐਚ ਐੱਸ ਡਿੰਪਲ, ਬੇਅੰਤ ਸਿੰਘ ਬਾਜਵਾ, ਤਲਵਿੰਦਰ ਸ਼ੇਰਗਿੱਲ ਖਾਸ ਮਹਿਮਾਨਾਂ ਵਜੋਂ ਸ਼ਾਮਿਲ ਹੋਏ ।

ਅਦਾਰਾ ਸ਼ਬਦਜੋਤ ਵਿੱਚ ਹਰ ਸਾਲ ਵਾਂਗ ਲਖਵੀਰ ਸਿੰਘ ਜੱਸੀ ਸਨਮਾਨ ਪੁਆਧੀ ਬੋਲੀ ਲਈ ਕੰਮ ਕਰਦੇ ਹੋਏ 33 ਪੁਸਤਕਾਂ ਲਿਖਣ ਵਾਲੇ ਚਰਨ ਪੁਆਧੀ ਨੂੰ ਓਹਨਾ ਦੀ ਪੁਸਤਕ 'ਘੱਗਰ ਕੇ ਗਾਹੇ-ਗਾਹੇ' ਨੂੰ ਅਦਾਰਾ ਸ਼ਬਦਜੋਤ ਦੇ ਮੈਂਬਰਾਂ ਸਮੇਤ ਸੁਰਜੀਤ ਪਾਤਰ ਹੋਰਾਂ ਵੱਲੋਂ ਦਿੱਤਾ ਗਿਆ ।

ਜਿਕਰਯੋਗ ਹੈ ਕਿ ਬਵੰਜਾ ਕਵੀਆਂ ਵੱਲੋਂ ਬੋਲੀਆਂ ਗਈਆਂ ਕਵਿਤਾਵਾਂ ਨੂੰ ਰਸਾਲੇ ਦਰਸ਼ਨ ਸਿੰਘ ਢਿੱਲੋਂ ਦੇ ਮੈਗਜ਼ੀਨ ਕੌਮਾਂਤਰੀ ਚਰਚਾ ਯੂ ਕੇ ਤੇ ਅਮਰਜੀਤ ਕੌਂਕੇ ਦੀ ਸੰਪਾਦਨਾ ਹੇਠ ਪਟਿਆਲਾ ਤੋਂ ਛਪਦੇ ਪਰਚੇ ਪ੍ਰਤੀਮਾਨ ਵਿੱਚ ਯੁਵਾ ਕਵੀਆਂ ਦੀਆਂ 5–5 ਕਵਿਤਾਵਾਂ ਨੂੰ ਛਾਪਿਆ ਜਾਵੇਗਾ ।

ਕਵਿਤਾ ਕੁੰਭ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਰੇ ਸੁਰਜੀਤ ਪਾਤਰ ਹੋਰਾਂ ਨੇ ਕਿਹਾ, "ਦਰਿਆ ਤਾਂ ਹੀ ਵਗਦੇ ਰਹਿੰਦੇ ਹਨ ਜੇਕਰ ਉਹਨਾਂ ਵਿੱਚ ਨਵੇਂ ਵਹਿਣ ਮਿਲਦੇ ਰਹਿਣ" । ਇਸਦੇ ਨਾਲ ਉਹਨਾਂ ਪੰਜਾਬੀ ਭਾਸ਼ਾ ਦੀ ਨਦੀ ਦੇ ਵਗਦੇ ਰਹਿਣ ਦੀ ਕਾਮਨਾ ਵੀ ਕੀਤੀ ਅਤੇ ਕਿਹਾ ਕਿ ਪੰਜਾਬੀ ਦੇ ਤਕਰੀਬਨ 35 ਲਹਿਜੇ ਹਨ ਜਿਹਨਾਂ ਨੂੰ ਬਚਾਅ ਕੇ ਰੱਖਣਾ ਸਾਡਾ ਪੰਜਾਬੀਅਤ ਦਾ ਕਰਮ ਹੈ ।

ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਕਵੀ ਦਰਸ਼ਨ ਬੁੱਟਰ, ਪ੍ਰਧਾਨ ਕੇਂਦਰੀ ਲੇਖਕ ਸਭਾ ਵੱਲੋਂ ਸਾਰੇ ਕਵੀਆਂ ਵੱਲੋਂ ਬੋਲੀਆਂ ਕਵਿਤਾਵਾਂ ਦੀ ਸਮੀਖਿਆ ਕੀਤੀ ਗਈ ਅਤੇ ਕਿਹਾ, "ਕਵਿਤਾ ਸਿਰਫ ਕਵੀਆਂ ਕੋਲ ਹੀ ਆਉਂਦੀ ਹੈ ਕਿਉਂਕਿ ਕਵੀ ਕਵਿਤਾ ਲਿਖ ਕੇ ਫੁੱਲ ਨਾਲੋਂ ਹੌਲਾ ਹੋ ਜਾਂਦਾ ਹੈ ਅਤੇ ਸਾਰੇ ਸਮਾਜਿਕ ਕੰਮ ਤਿਆਗ ਕਰ ਸਮਾਜ ਨਾਲੋਂ ਵੱਖਰਾ ਹੋ ਜਾਂਦਾ ਹੈ । ਕਵੀ ਦਾ ਮਨ ਸੰਵੇਦਨਸ਼ੀਲ ਹੁੰਦਾ ਹੈ ਅਤੇ ਓਹ ਸਾਰੀ ਦੁਨੀਆਂ ਦੇ ਅਹਿਸਾਸ ਆਪਣੇ ਮਨ ਦੇ ਅੰਦਰ ਰੱਖਦਾ ਹੈ। ਕਵਿਤਾ ਅਣਘੜਤ ਮਨ ਅਤੇ ਸਰੀਰ ਨੂੰ ਤਰਤੀਬ ਵਿੱਚ ਕਰ ਦਿੰਦੀ ਹੈ ।"

ਕਵਿਤਾ ਕੁੰਭ ਵਿੱਚ ਕਵੀਆਂ, ਲੇਖਕਾਂ ਅਤੇ ਕਲਾਕਾਰਾਂ ਤੋਂ ਇਲਾਵਾ ਬਹੁਤ ਸਾਰੇ ਗੰਭੀਰ ਸੁਣਨਹਾਰ ਸਰੋਤੇ ਵੀ ਮੌਜੂਦ ਰਹੇ। ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵੱਲੋਂ ਗੁਰੂ ਕਾ ਅਟੁੱਟ ਲੰਗਰ ਤੇ ਪ੍ਰਸਾਦਿ ਵੀ ਵਰਤਾਇਆ ਗਿਆ ।

## ਕੋਮਲ ਕਲੀਆਂ

ਵਰਲਡ ਪੰਜਾਬੀ ਟਾਈਮਜ਼
ਕਰਮਜੀਤ ਕੌਰ ਮੁਕਤਸਰ

ਸਰਦ ਰੁੱਤ ਦੇ ਸ਼ੁਰੂਆਤੀ ਦਿਨਾਂ ਵਿਚ ਨਰਸਰੀ ਤੋਂ ਲਿਆਂਦੇ ਖੂਬਸੂਰਤ ਫੁੱਲਾਂ ਦੇ ਛੋਟੇ-ਛੋਟੇ ਪੌਦਿਆਂ ਨੂੰ ਲਗਾਉਣ ਲਈ ਮੈਂ ਮਿੱਟੀ ਵਿਚ ਖਾਦ ਮਿਲਾਉਣ ਦਾ ਕੰਮ ਕਰ ਰਹੀ ਸੀ। ਅਚਾਨਕ ਮੇਰੇ ਮੋਬਾਇਲ ਤੇ ਘੰਟੀ ਵੱਜੀ ਆਪਣੇ ਹੱਥ ਝਾੜ ਕੇ ਮੈਂ ਫੋਨ ਚੁੱਕ ਲਿਆ। ਇਹ ਫੋਨ ਮੇਰੀ ਭਾਣਜੀਦਾ ਸੀ ਜੋ ਅੱਜ ਕੱਲ ਮੈਡੀਕਲ ਕਾਲਜ ਵਿਚ ਆਪਣੀ ਐਮ.ਡੀ. ਦੀ ਪੜ੍ਹਾਈ ਵਿਚ ਰੁੱਝੀ ਹੋਈ ਹੈ। ਅਸੀਂ ਦੋਵਾਂ ਨੇ ਇਕ ਦੂਜੀ ਦਾ ਹਾਲ ਚਾਲ ਪੁੱਛਿਆ। ਰਸਮੀ ਗਲਬਾਤ ਤੋਂ ਬਾਅਦ ਮੈਂ ਗੱਲ ਨੂੰ ਹੋਰ ਅੱਗੇ ਤੋਰਦਿਆਂ ਹੋਇਆ ਕਿਹਾ, "ਹੋਰ ਸੁਣਾਂ ਨੀਤ, ਕਿਵੇਂ ਚਲ ਰਹੀ ਹੈ ਤੁਹਾਡੀ ਪੜ੍ਹਾਈ ਲਿਖਾਈ।"

ਮਾਸੀ ਜੀ, ਹੋਰ ਸਭ ਤਾਂ ਠੀਕ ਹੈ, ਪਰ ਮੈਂ ਆਪਣੇ ਕਾਲਜ ਵਿਚ ਬਹੁਤ ਇੱਕਲੀ ਮਹਿਸੂਸ ਕਰਦੀ ਹਾਂ।

ਉਹ ਕਿਵੇਂ ਨੀਤ?

ਮਾਸੀ ਜੀ, ਹੁਣ ਵੀ ਮੈਂ ਆਪਣੇ ਕਮਰੇ ਵਿਚ ਕੱਲੀ ਬੈਠੀ ਹਾਂ, ਬਾਕੀ ਸਭ ਤਾਂ ਪਾਰਟੀ 'ਚ ਰੁੱਝੇ ਹੋਏ ਹਨ।

ਅੱਛਾ, ਤੁਸੀਂ ਪਾਰਟੀ ਤੇ ਕਿਉਂ ਨਹੀਂ ਗਏ? ਮੈਂ ਨੀਤ ਨੂੰ ਹੈਰਾਨੀ ਨਾਲ ਪੁੱਛਦੇ ਹੋਏ ਕਿਹਾ।

ਮਾਸੀ ਜੀ, ਇਹਨਾਂ ਦੀ ਪਾਰਟੀ ਦੇਰ ਰਾਤ ਚਲਦੀ ਹੈ ਅਤੇ ਹੁੰਦੀ ਵੀ ਰੋਜ਼ ਵਾਂਗ ਹੀ ਹੈ ਜਿਸ ਵਿਚ ਇਹ ਸਾਰੇ ਖੂਬ ਸ਼ਰਾਬ, ਸਿਗਰਟ ਦਾ ਇਸਤੇਮਾਲ ਕਰਦੇ ਹਨ। ਕਿਉਂਕਿ ਕਿਸੇ ਨਾ ਕਿਸੇ ਦਾ ਜਨਮ ਦਿਨ ਤਾਂ ਆਇਆ ਹੀ ਰਹਿੰਦਾ ਹੈ।

ਅੱਛਾ, ਯਾਰ ਤੁਸੀਂ ਕਦੇ ਇਹਨਾਂ ਨੂੰ ਸਵਾਲ ਨਹੀਂ ਕੀਤਾ ਕਿ ਇਹ ਸਾਰੇ ਬੱਚੇ ਹੁਣ ਐਮ.ਬੀ.ਬੀ.ਐਸ. ਡਾਕਟਰ ਹਨ। ਐਮ.ਡੀ. ਕਰ ਰਹੇ ਹਨ ਫਿਰ ਵੀ .......?

ਮਾਸੀ ਜੀ, ਮੈਂ ਕੱਲੇ-ਕੱਲੇ ਨੂੰ ਪੁੱਛਿਆ ਹੈ ਇਹ ਸਵਾਲ। ਇਹ ਕਹਿੰਦੇ ਹਨ ਕਿ ਨਸ਼ੇ ਦੇ ਸੇਵਨ ਤੋਂ ਬਾਅਦ ਅਸੀਂ ਆਪਣੇ-ਆਪ ਨੂੰ ਬਹੁਤ ਸ਼ਾਂਤ ਮਹਿਸੂਸ ਕਰਦੇ ਹਾਂ। ਅਪਰੇਸ਼ਨ ਦੌਰਾਨ ਵੀ ਦਿਮਾਗ ਵਿਚ ਕੋਈ ਹੋਰ ਵਿਚਾਰ ਨਹੀਂ ਆਉਂਦਾ। ਇਹਨਾਂ ਕਹਿ ਕੇ ਨੀਤ ਚੁੱਪ ਹੋ ਗਈ ਅਤੇ ਮੈਂ ਜਵਾਂ ਸੁੰਨ।

ਫਿਰ ਤਾਂ ਇਹਨਾਂ ਦਾ ਬਹੁਤ ਹੀ ਬੁਰਾ ਹਾਲ ਹੈ।

ਹਾਂ ਜੀ, ਮਾਸੀ ਜੀ, ਕਈ ਬੱਚਿਆਂ ਦੇ ਤਾਂ ਹੱਥ ਪੈਰ ਵੀ ਕੰਬਦੇ ਰਹਿੰਦੇ ਹਨ। ਸ਼ਾਇਦ ਉਹ ਨਸ਼ੇ ਦੇ ਪੂਰੇ ਆਦੀ ਹੋ ਚੁੱਕੇ ਹਨ। ਕੀ ਬਣੂਗਾ ਇਹਨਾਂ ਬੱਚਿਆਂ ਦਾ, ਮੈਂ ਲੰਮਾ ਹਾਉਕਾ ਲੈਂਦਿਆਂ, ਉਹਨਾਂ ਦੇ ਭਵਿੱਖ ਲਈ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ।

ਨੀਤ, ਤੁਹਾਡੇ ਟੀਚਰਾਂ ਨੂੰ ਅਤੇ ਇਹਨਾਂ ਦੇ ਮਾਤਾ-ਪਿਤਾ ਨੂੰ ਇਹਨਾਂ ਗੱਲਾਂ ਦੀ ਜਾਣਕਾਰੀ ਹੈ।

ਮਾਸੀ ਜੀ, ਟੀਚਰਾਂ ਨੂੰ ਤਾਂ ਸਭ ਪਤਾ ਹੈ। ਇਥੋਂ ਤੱਕ ਕਿ ਮੇਰੀ ਮੈਡਮ ਨੇ ਮੈਨੂੰ ਖੁਦ ਆ ਕੇ ਇੱਕ ਦਿਨ ਕਿਹਾ ਕਿ ਜੇਕਰ ਤੂੰ ਡਰਿੰਕ ਨਹੀ ਕਰੇਗੀ ਤਾਂ ਤੂੰ ਆਪਣੀ ਪੜ੍ਹਾਈ ਵਿਚ ਸਫਲਤਾ ਹਾਂਸਲ ਨਹੀਂ ਕਰ ਸਕੇਂਗੀ। ਬਾਕੀ ਰਹੀ ਗੱਲ ਇਹਨਾਂ ਦੇ ਮਾਤਾ-ਪਿਤਾ ਦੀ ਤਾਂ ਉਹ ਸੋਚਦੇ ਹਨ ਕਿ ਸਾਡੇ ਬੱਚੇ ਪੜ੍ਹਾਈ ਵਿਚ ਰੁੱਝੇ ਹੋਏ ਹਨ। ਦੋ-ਚਾਰਾਂ ਦੇ ਇਲਾਵਾ ਬਾਕੀ ਬੱਚਿਆਂ ਦੇ ਮਾਪਿਆਂ ਨੇ ਤਾਂ ਕਾਲਜ ਦਾ ਮੂੰਹ ਤੱਕ ਨਹੀਂ ਦੇਖਿਆ ਅਤੇ ਨਾ ਹੀ ਉਹਨਾਂ ਦੀ ਫੋਨ ਤੇ ਕੋਈ ਜ਼ਿਆਦਾ ਗੱਲਬਾਤ ਹੁੰਦੀ ਹੈ। ਜੇਕਰ ਥੋੜੀ ਬਹੁਤ ਗੱਲਬਾਤ ਹੁੰਦੀ ਵੀ ਹੈ ਤਾਂ ਦੋ-ਚਾਰ ਮਿੰਟ, ਬਸ ਇਸ ਤੋਂ ਵੱਧ ਕੁਝ ਨਹੀਂ।

ਇਹ ਸਭ ਕੁਝ ਮੈਂ ਐਮ.ਬੀ.ਬੀ.ਐਸ. ਤੋਂ ਦੇਖ ਰਹੀ ਹਾਂ। ਉਦੋਂ ਤੋਂ ਹੀ ਮੈਨੂੰ ਕਾਲਜ ਵਿਚ ਕੋਈ ਪਸੰਦ ਨਹੀਂ ਕਰਦਾ। ਇਹ ਸਟੂਡੈਂਟ ਮੈਨੂੰ ਤੰਗ ਪ੍ਰੇਸ਼ਾਨ ਵੀ ਬਹੁਤ ਕਰਦੇ ਹਨ। ਮੈਨੂੰ ਬਹੁਤ ਤਣਾਅ ਪੂਰਵਕ ਰਹਿਣਾ ਪੈ ਰਿਹਾ ਹੈ। ਇਸ ਕਰਕੇ ਮੈਂ ਬਹੁਤ ਕੱਲੀ ਮਹਿਸੂਸ ਕਰਦੀ ਹਾਂ। ਮਨ ਕਰਦਾ ਹੈ ਕਿ ਪੜ੍ਹਾਈ ਵਿੱਚੇ ਹੀ ਛੱਡ ਕੇ ਘਰ ਵਾਪਸ ਆ ਜਾਵਾਂ। ਨੀਤ ਨੇ ਇਕੋ ਸਾਹ ਵਿਚ ਆਪਣੀ ਮਨੋਦਸ਼ਾ ਨੂੰ ਸਾਫ਼ ਸਾਫ਼ ਸ਼ਬਦਾਂ ਵਿਚ ਬਿਆਨ ਕਰ ਦਿੱਤਾ।

ਚਲ ਕੋਈ ਨਾ ਨੀਤ, ਤੁਸੀਂ ਹੌਂਸਲਾ ਨਹੀਂ ਹਾਰਨਾ ਕੇਵਲ ਇੱਕ ਸਾਲ ਦੀ ਤਾਂ ਹੁਣ ਗੱਲ ਹੈ। ਬਸ ਡਟੇ ਰਹੋ। ਮੈਂ ਨੀਤ ਨੂੰ ਹੌਂਸਲਾ ਦਿੰਦੇ ਹੋਏ ਕਿਹਾ।

ਹਾਂ ਜੀ, ਮਾਸੀ ਜੀ, ਬਸ ਇਹ ਸੋਚਕੇ ਚੁੱਪ ਹਾਂ।

ਗੱਲਬਾਤ ਪੂਰੀ ਹੋਣ ਤੋਂ ਬਾਅਦ ਨੀਤ ਨੇ ਫੋਨ ਕੱਟਿਆ ਅਤੇ ਮੈਂ ਆਪਣਾ ਫੋਨ ਇਕ ਪਾਸੇ ਰੱਖ ਦਿੱਤਾ। ਉਹਨਾਂ ਬੱਚਿਆਂ ਨੂੰ ਲੈ ਕੇ ਮੈਨੂੰ ਬਹੁਤ ਦੁੱਖ ਮਹਿਸੂਸ ਹੋ ਰਿਹਾ ਸੀ। ਮੈਂ ਆਪਣੇ ਕੋਲ ਪਏ ਉਹ ਛੋਟੇ-ਛੋਟੇ ਪੌਦਿਆਂ ਨੂੰ ਰੀਝ ਨਾਲ ਤੱਕਿਆ ਜਿਨਾਂ ਉੱਪਰ ਕੋਈ ਟਾਵਾਂ-ਟਾਵਾਂ ਫੁੱਲ ਖਿੜਿਆ ਹੋਇਆ ਸੀ। ਮੈਨੂੰ ਉਹ ਫੁੱਲ ਬਿਲਕੁਲ ਉਹਨਾਂ ਬੱਚਿਆਂ ਵਰਗੇ ਜਾਪੇ। ਮੈਂ ਦੇਖ ਰਹੀ ਸੀ ਕਿ ਜੇਕਰ ਇਹਨਾਂ ਕੋਮਲ ਕਲੀਆਂ ਦੀਆਂ ਜੜ੍ਹਾਂ ਨੂੰ ਪਰੋਪਰ ਮਿੱਟੀ, ਖਾਦ, ਧੁੱਪ-ਛਾਂ ਨਾ ਮਿਲ ਤਾਂ ਇਹਨਾਂ ਮਾਲੂਕ ਜਿਹੇ ਫੁੱਲਾਂ ਤੇ ਨਾ ਖੇੜਾ ਤੇ ਨਾ ਹੀ ਕਦੇ ਬਹਾਰ ਆਵੇਗੀ। ਇਹ ਸਭ ਸੋਚਦਿਆਂ ਮੇਰੀ ਨਜ਼ਰ ਉਸ ਅਤੀਤ ਦੇ ਪੰਨਿਆਂ ਤੇ ਜਾ ਪਈ। ਗੱਲ ਉਸ ਸਮੇਂ ਦੀ ਹੈ, ਜਦ ਮੈਂ ਆਪਣੇ ਪਿੰਡ ਦੇ ਸਰਕਾਰੀ ਸਕੂਲ ਵਿਚ ਨੌਵੀਂ ਦਸਵੀਂ ਦੀ ਵਿਦਿਆਰਥਣ ਸੀ। ਸਾਡੇ ਸਕੂਲ ਵਿਚ ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਚੰਗੇ ਫੁੱਲਾਂ ਦੇ ਪੈਦਾਵਾਰ ਲਈ ਅਧਿਆਪਕ ਅਤੇ ਵਿਦਿਆਰਥੀਆਂ ਵੱਲੋਂ ਸਾਂਝੇ ਬੀਜ ਲਿਆ ਕੇ ਬੀਜੇ ਜਾਂਦੇ ਸਨ। ਜਦ ਸਰਦ ਰੁੱਤ ਸਿਖਰਾਂ ਤੇ ਹੁੰਦੀ ਤਾਂ ਸਕੂਲ ਵਿਚ ਫੁੱਲਾਂ ਦੀ ਬਹਾਰ ਨੇ ਵੀ ਅੱਤ ਕਰਵਾਈ ਹੁੰਦੀ।

ਸਰਦੀ ਦੇ ਦਿਨਾਂ ਵਿਚ ਸਾਰੀਆਂ ਜਮਾਤਾਂ ਕਮਰਿਆਂ ਤੋਂ ਬਾਹਰ ਧੁੱਪ ਵਿਚ ਲਗਾਈਆਂ ਜਾਂਦੀਆਂ ਸਨ। ਹਰ ਜਮਾਤ ਦੀ ਆਪਣੀ ਇਕ ਜਗ੍ਹਾਂ ਨਿਸ਼ਚਿਤ ਹੁੰਦੀ ਸੀ। ਉਸ ਜਮਾਤ ਦੇ ਆਸੇ-ਪਾਸੇ ਬਣੀ ਕਿਆਰੀ ਵਿਚ ਫੁੱਲਾਂ ਦਾ ਖੇੜਾ ਹੁੰਦਾ ਸੀ। ਜੋ ਬੜਾ ਮਨਮੋਹਕ ਨਜ਼ਾਰਾ ਪੇਸ਼ ਕਰਦਾ ਸੀ। ਉਹ ਫੁਲਵਾੜੀ ਆਪਣੀ ਗੋਦ ਅੰਦਰ ਬੈਠੇ ਬੱਚਿਆਂ ਵੱਲ ਇਸ਼ਾਰਾ ਕਰਕੇ ਇਕ ਬਹੁਤ ਪਿਆਰਾ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਸੀ ਕਿ ਮੇਰੀ ਗੋਦ ਅੰਦਰ ਬੈਠੇ, ਮੇਰੇ ਤੋਂ ਵੀ ਵੱਧ ਇਹਨਾਂ ਕੋਮਲ ਫੁੱਲਾਂ ਦਾ ਹਰ ਪੱਖੋਂ ਇਹਨਾਂ ਕਿ ਖਾਸ ਖਿਆਲ ਰੱਖਿਆ ਜਾਵੇ ਕਿ ਜਦ ਇਹਨਾਂ ਫੁੱਲਾਂ ਤੇ ਬਹਾਰ ਆਵੇ ਤਾਂ ਉਹ ਬਹਾਰ ਸਾਡੇ ਦੇਸ਼ ਦੀ ਨੁਹਾਰ ਬਦਲਣ ਦੀ ਸਮਰੱਥਾ ਜਰੂਰ ਰੱਖਦੀ ਹੋਵੇ।

ਸੱਚਮੁੱਚ ਉਹਨਾਂ ਦਿਨਾਂ ਵਿਚ ਅਧਿਆਪਕ ਅਤੇ ਬੱਚਿਆਂ ਵਿਚ ਆਪਸੀ ਪ੍ਰੇਮ ਵੀ ਬਹੁਤ ਗੂੜਾ ਹੁੰਦਾ ਸੀ। ਅਸੀਂ ਸਾਰੇ ਵਿਦਿਆਰਥੀ ਆਪਣੇ ਅਧਿਆਪਕਾਂ ਦਾ ਬਹੁਤ ਸਤਿਕਾਰ ਕਰਦੇ ਸੀ। ਸਾਡੀ ਆਪਸੀ ਭਾਵਨਾ ਇਕ ਗੁਰੂ-ਚੇਲੇ ਵਾਲੀ ਹੁੰਦੀ ਸੀ। ਅਧਿਆਪਕ ਵੀ ਸਾਨੂੰ ਪੜ੍ਹਾਈ-ਲਿਖਾਈ ਦੇ ਨਾਲ-ਨਾਲ ਜੀਵਨ ਦੇ ਹਰ ਪੜਾਅ ਦੇ ਗਿਆਨ ਤੋਂ ਜਾਣੂ ਵੀ ਕਰਵਾਉਂਦੇ ਰਹਿੰਦੇ ਸਨ। ਗੁਣਵਾਨ, ਚੰਗੇ ਰਹਿਣ-ਸਹਿਣ ਦਾ ਸਲੀਕਾ, ਅੰਦਰੂਨੀ ਪੱਖੋ ਮਜ਼ਬੂਤ ਅਤੇ ਦ੍ਰਿੜ ਇਰਾਏ ਪਾਠ ਅਕਸਰ ਰੋਜ਼ ਵਾਂਗ ਪੜ੍ਹਾਏ ਜਾਂਦੇ ਸਨ। ਤਾਂ ਜੋ ਬੱਚੇ ਆਉਣ ਵਾਲੇ ਜੀਵਨ ਵਿਚ ਸਾਵਧਾਨ ਹੋ ਕੇ ਚੱਲਣਾ ਸਿਖ ਜਾਣ। ਬੱਚਿਆਂ ਨੂੰ ਜੀਵਨ ਭਰ ਦੀ ਸੇਧ ਦੇ ਕੇ ਸਕੂਲ ਵਿਚੋਂ ਵਿਦਾ ਕੀਤਾ ਜਾਂਦਾ ਸੀ। ਸਕੂਲ ਤੋਂ ਇਲਾਵਾ ਮਾਪਿਆਂ ਵੱਲੋਂ ਵੀ ਬੱਚਿਆਂ ਨੂੰ ਚੰਗੀ ਸੇਧ ਦਿੱਤੀ ਜਾਂਦੀ ਸੀ। ਬੇਸ਼ਕ ਉਹਨਾਂ ਵੇਲਿਆਂ ਵਿਚ ਮਾਪੇ ਬਹੁਤੇ ਪੜ੍ਹੇ-ਲਿਖੇ ਤਾਂ ਨਹੀਂ ਹੁੰਦੇ ਸਨ ਪਰੰਤੂ ਫਿਰ ਵੀ ਉਹਨਾਂ ਦੀ ਵਧਦੀ ਉਮਰ ਨੂੰ ਧਿਆਨ ਵਿਚ ਰੱਖਦੇ ਹੋਏ ਪੰਦਰਾਹਾਂ-ਸੋਲਹਾਂ ਸਾਲ ਤੱਕ ਬੱਚਿਆਂ ਨੂੰ ਚੰਗੇ ਤਜ਼ਰਬੇਕਾਰ ਅਤੇ ਉੱਚ ਵਿਚਾਰ ਪ੍ਰਦਾਨ ਕਰ ਦਿੰਦੇ ਸਨ। ਆਪਣੇ ਬੱਚਿਆਂ ਦੇ ਇਰਧ ਗਿਰਧ ਰਹਿਣ ਨਾਲ ਹੀ ਉਹਨਾਂ ਦੇ ਚੰਗੇ ਦੋਸਤ ਵੀ ਆਪ ਹੀ ਬਣ ਜਾਂਦੇ ਸਨ। ਜੀਵਨ ਵਿਚ ਆਪਸੀ ਵਿਚਾਰਾਂ ਦੇ ਆਦਨ-ਪ੍ਰਦਾਨ ਦੇ ਨਾਲ ਬੱਚਿਆਂ ਦੇ ਸੰਸਕਾਰਾਂ ਵਿਚ ਇੱਕ ਚੰਗਾ ਮੁੱਢ ਬੰਨਿਆ ਜਾਂਦਾ ਸੀ। ਫਿਰ ਉਹ ਆਪਣੀ ਉਚੇਰੀ ਵਿੱਦਿਆ ਹਾਸਲ ਕਰਨ ਲਈ ਜਿੱਥੇ ਵੀ ਜਾਂਦੇ, ਆਪਣੇ ਸੰਸਕਾਰਾਂ, ਆਪਣੀ ਭਾਰਤੀ ਸੱਭਿਅਤਾ ਨੂੰ ਨਹੀਂ ਗਵਾਉਂਦੇ ਸਨ। ਆਪਣੀ ਉਚੇਰੀ ਵਿੱਦਿਆ ਹਾਂਸਲ ਕਰਨ ਗਏ ਹੋਏ ਵਿਦਿਆਰਥੀ ਆਪਣੇ ਕਾਲਜਾਂ, ਯੂਨੀਵਰਸਿਟੀ ਵਿਚ ਇਕ ਚਮਕਦਾ ਹੋਇਆ ਸਿਤਾਰਾ ਬਣ ਕੇ ਬਾਹਰ ਆਉਂਦੇ। ਉਹ ਜਿਸ ਖੇਤਰ ਵਿਚ ਸੇਵਾ ਲਈ ਚੁਣੇ ਜਾਂਦੇ, ਫਿਰ ਆਪਣਾ ਪਿੰਡ ਤਾਂ ਕੀ ਸਗੋਂ ਇਲਾਕੇ ਦਾ ਨਾਮ ਵੀ ਰੋਸ਼ਨ ਕਰਦੇ। ਖੈਰ ਸਮੇਂ 'ਚ ਬਦਲਾਵ ਆਇਆ। ਅੱਜ ਕੱਲ ਵੱਡੇ-ਵੱਡੇ ਵਿੱਦਿਅਕ ਅਦਾਰੇ ਮਹਿੰਗੀ ਵਿੱਦਿਆ ਲੈ ਕੇ ਹੋਂਦ ਵਿਚ ਆਏ। ਜਿਨਾਂ ਤੋਂ ਮਾਪੇ ਬੇਹੱਦ ਪ੍ਰਭਾਵਿਤ ਹੋਏ ਅਤੇ ਮੋਟੀਆਂ ਫੀਸਾਂ ਸਮੇਤ ਆਪਣੇ ਬੱਚਿਆਂ ਨੂੰ ਵਿੱਦਿਅਕ ਅਦਾਰਿਆਂ ਨੂੰ ਸੌਂਪ, ਆਪਣੀ ਜਿੰਮੇਵਾਰੀ ਤੋਂ ਕਿਤੇ ਨਾ ਕਿਤੇ ਅਵੇਸਲੇ ਹੋ ਗਏ।

ਸਾਡੇ ਵਿੱਦਿਅਕ ਅਦਾਰਿਆਂ ਨੇ ਬੱਚਿਆਂ ਦੀ ਬਾਹਰੀ ਦਿਖ ਨੂੰ ਤਾਂ ਜਰੂਰ ਸ਼ਿਗਾਰਿਆਂ ਪਰੰਤੂ ਉਹਨਾਂ ਦੇ ਭਾਰੇ ਬਸਤਿਆ ਦੇ ਬੋਝ ਥੱਲੇ ਕੋਮਲ ਕਲੀਆਂ ਜਰੂਰ ਮਿੱਧੀਆਂ ਗਈਆਂ। ਮੁੱਕਦੀ ਗੱਲ ਬੱਚੇ ਮਾਨਸਿਕ ਤੌਰ ਤੇ ਕਮਜ਼ੋਰ ਹੋ ਗਏ। ਚਿੜਚਿੜੇ ਸੁਭਾਅ ਵਾਲੇ ਬਣ ਗਏ। ਜਿਸ ਸਿੱਖਿਆ ਦੇ ਮਾਧਿਅਮ ਰਾਹੀਂ ਸਾਡੇ ਦੇਸ਼ ਦੇ ਭਵਿੱਖ ਦੀ ਨੀਂਹ ਉਸਰ ਕੇ ਮਜਬੂਤ ਹੋਣੀ ਸੀ, ਉਹ ਨੀਂਹ ਅੰਦਰੋਂ ਖੋਖਲੀ ਰਹਿ ਗਈ। ਸਾਡਾ ਸਿੱਖਿਅਕ ਅਦਾਰਾ ਕੇਵਲ ਇਕ ਕਾਰੋਬਾਰ ਬਣ ਕੇ ਰਹਿ ਗਿਆ। ਇਕ ਬਿਜਨੈਸ ਬਣ ਗਿਆ ਜਿਸ ਵਿਚ ਸਾਡੀਆਂ ਨਾਜ਼ੁਕ ਕੋਮਲ-ਕਲੀਆਂ ਦੀ ਫੁਲਵਾੜੀ ਖੇੜੇ ਵਿਚ ਆਉਣ ਤੋਂ ਪਹਿਲਾਂ ਝੁਲਸਦੀ ਜਾ ਰਹੀ ਹੈ। ਇਹਨਾਂ ਡੂੰਘੀਆਂ ਸੋਚਾਂ ਵਿਚ ਡੁੱਬੀ ਹੋਏ ਨੇ ਮੈਂ ਉਹਨਾਂ ਨਾਜ਼ੁਕ ਜਹੇ ਪੌਦਿਆਂ ਨੂੰ ਪਿਆਰ ਸਹਿਤ ਗਮਲਿਆਂ ਵਿਚ ਰੱਖ ਕੇ ਲੋੜੀਂਦੀ ਮਿੱਟੀ ਨਾਲ ਉਹਨਾਂ ਦੀ ਜੜ੍ਹਾਂ ਨੂੰ ਢਕ ਕੇ ਲੋੜ ਅਨੁਸਾਰ ਪਾਣੀ ਦੇ ਦਿੱਤਾ।

## ਮੇਲਾ*

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਦੋ ਦਿਨ ਦੁਨੀਆਂ ਦਾ ਮੇਲਾ ਹੈ
ਦੁਬਾਰਾ ਨਹੀਂ ਆਣਾ ਕਿਸੇ ਨੇ
ਸੋਹਣੀਆਂ ਸ਼ਕਲਾਂ ਵੇਖ ਕੇ ਨਾ ਪਿਆਰ ਪਾ।
ਰੰਗ ਗੋਰੇ ਤੇ ਦਿਲ ਕਾਲੇ ਹਨ
ਪਿਆਰ ਹੀਰ ਨੇ ਕੀਤਾ ਰਾਂਝੇ
ਨਾਲ ਘਰੋਂ ਚੂਰੀਆਂ ਕੁੱਟ ਕੇ ਲੈ ਜਾਂਦੀ ਸੀ।

ਪਿਆਰ ਸੋਹਣੀ ਨੇ ਕੀਤਾ ਮਹਿਵਾਲ ਨਾਲ ਘੜੇ ਤੇ ਦਰਿਆ ਪਾਰ ਕਰਦੀ
ਲੈਲਾ ਨੇ ਮਜਨੂੰ ਨਾਲ ਪਿਆਰ
ਵਿਚ ਲੈਲਾ ਲੈਲਾ ਕਰਦਾ ਸੀ

ਅਜ ਤਾਂ ਪਿਆਰ ਵਿਚ ਪੈਸਾ ਪ੍ਰਧਾਨ ਹੈ।
ਕੋਈ ਕਿਸੇ ਨਾਲ ਪਿਆਰ ਨਹੀਂ ਕਰਦਾ।
ਅਜ ਆਦਮੀ ਔਰਤ ਦਾ ਸ਼ੋਸ਼ਨ ਕਰਦਾ ਹੈ।

ਅਜ ਪਿਆਰ ਪਾਇਆ ਕੱਲ ਤਲਾਕ ਹੋ ਗਿਆ ਪਿਆਰ ਦਾ

ਕੋਈ ਕਿਸੇ ਨਾਲ ਸੱਚਾ ਪਿਆਰ ਨਹੀਂ ਕਰਦਾ।
ਜੇ ਕੋਈ ਸੱਚਾ ਪਿਆਰ ਕਰੇ
ਅਗੋਂ ਜਵਾਬ ਮਿਲਦਾ ਹੈ
ਆਪਨੇ ਤੇ ਆਪਨੇ ਹੁੰਦੇ ਹਨ।

ਅਜ ਦੇ ਪਿਆਰ ਵਿਚ ਹਵਸ ਹੈ।
ਪਿਆਰ ਵਿੱਚ ਤਾਣੇ ਇਕ ਦੂਸਰੇ ਨੂੰ ਬਹੁਤ ਹਨ।
ਕੋਈ ਕਿਸੇ ਨਾਲ ਪਿਆਰ ਨਹੀਂ ਨਿਭਾਉਂਦਾ।
ਕੋਈ ਕਿਸੇ ਦਾ ਆਦਰ ਨਹੀਂ ਕਰਦਾ।
ਸੱਚਾ ਪਿਆਰ ਕੀ ਹੁੰਦਾ ਹੈ
ਇਹ ਤਾਂ ਕਿਸੇ ਨੂੰ ਨਹੀਂ ਪਤਾ।
ਕਿਸੇ ਦੋ ਬੋਲ ਪਿਆਰ ਦੇ ਬੋਲੇ
ਉਹ ਸਮਝਦਾ ਹੈ
ਸਭ ਕੁਝ ਮੇਰਾ ਹੀ ਹੈ
ਹਕੀਕਤ ਹੋਰ ਹੈ
ਦੋ ਦਿਨ ਦੁਨੀਆਂ ਦਾ ਮੇਲਾ ਹੈ

## ਸਿੱਧੂ ਦੀ ਪਰਛਾਈ...

ਵਰਲਡ ਪੰਜਾਬੀ ਟਾਈਮਜ਼
ਪਰਵੀਨ ਕੌਰ ਸਿੱਧੂ



ਅੱਜ ਇੱਕ ਵਾਰੀ ਫਿਰ ਸਿੱਧੂ ਦੀ ਹਵੇਲੀ ਵਿੱਚ ਰੌਸ਼ਨੀ ਬਣ ਕੇ ਉਸਦਾ ਭਰਾ ਆਇਆ ਹੈ। ਜੇਕਰ ਵੇਖਿਆ ਜਾਵੇ ਤਾਂ ਇਸ ਰੋਸ਼ਨੀ ਤੋਂ ਪਹਿਲਾਂ ਜੋ ਸਿੱਧੂ ਦੇ ਮਾਪਿਆਂ ਦੀ ਜ਼ਿੰਦਗੀ ਵਿੱਚ ਘੋਰ ਹਨੇਰਾ ਛਾ ਗਿਆ ਸੀ ਅਤੇ ਸਿੱਧੂ ਦੇ ਜਾਣ ਤੋਂ ਬਾਅਦ ਜੋ ਮਾਨਸਿਕ ਪੀੜਾ ਉਸਦੇ ਮਾਪਿਆਂ ਨੇ ਸਹਿਣ ਕੀਤੀ ਹੋਵੇਗੀ, ਉਸਨੂੰ ਮੈਂ ਲਫਜ਼ਾਂ ਵਿੱਚ ਬਿਆਨ ਨਹੀਂ ਕਰ ਸਕਦੀ। ਜਵਾਨ ਪੁੱਤ ਦਾ ਇਸ ਤਰੀਕੇ ਨਾਲ਼ ਅਚਾਨਕ ਚਲੇ ਜਾਣਾ ਕਿਸੇ ਵੀ ਮਾਂ ਬਾਪ ਕੋਲੋਂ ਨਹੀਂ ਸਹਿਆ ਜਾ ਸਕਦਾ ਅਤੇ ਦੂਸਰੀ ਗੱਲ ਏਨਾ ਹੋਣਹਾਰ ਪੁੱਤਰ ਜਦੋਂ ਹੱਥਾਂ ਚੋਂ ਰੇਤੇ ਵਾਂਗ ਖਿਸਕ ਜਾਵੇ, ਤਾਂ ਉਹ ਮਾਪੇ ਹੀ ਜਾਣਦੇ ਹਨ ਉਹਨਾਂ ਦੇ ਦਿਲ ਤੇ ਕੀ ਬੀਤਦੀ ਹੈ।

ਬਾਪੂ ਬਲਕੌਰ ਸਿੰਘ ਜੀ ਅਤੇ ਮਾਤਾ ਚਰਨ ਕੌਰ ਜੀ ਨੇ ਬਹੁਤ ਕੁਝ ਸਹਿਣ ਕੀਤਾ ਹੈ। ਕਦੀ ਕਿਸੇ ਗੱਲ ਦਾ ਦਬਾਵ ਹੋਵੇਗਾ ਅਤੇ ਕਦੀ ਕਿਸੇ ਦੀਆਂ ਕਹੀਆਂ ਗੱਲਾਂ ਨਾਲ਼ ਦਿਲ ਵਲੂੰਦਰਿਆ ਵੀ ਜਾਂਦਾ ਹੋਏਗਾ। ਆਮ ਜਨਤਾ ਨੇ ਉਹਨਾਂ ਦਾ ਬਹੁਤ ਸਾਥ ਦਿੱਤਾ ਹੈ। ਉਹਨਾਂ ਨੂੰ ਮਾਨਸਿਕ ਪੀੜਾ ਵਿੱਚੋਂ ਬਾਹਰ ਕੱਢਣ ਲਈ ਜਿੰਨਾ ਵੀ ਆਮ ਜਨਤਾ ਕੋਲੋਂ ਹੋ ਸਕਿਆ ਉਹਨਾਂ ਨੇ ਉਹਨਾਂ ਦਾ ਸਾਥ ਦਿੱਤਾ।

ਸਿੱਧੂ ਦੇ ਮਾਪਿਆਂ ਵੱਲੋਂ ਲਿਆ ਗਿਆ ਸਿੱਧੂ ਦੇ ਭਰਾ ਨੂੰ ਪੈਦਾ ਕਰਨ ਦਾ ਫ਼ੈਸਲਾ ਬਹੁਤ ਹੀ ਕਾਬਲੇ ਤਾਰੀਫ਼ ਅਤੇ ਸਲਾਹੁਣਯੋਗ ਹੈ। ਜ਼ਿੰਦਾਦਿਲੀ ਦੀ ਇੱਕ ਮਿਸਾਲ ਪੈਦਾ ਕਰਦਾ ਹੈ ਇਹ ਫ਼ੈਸਲਾ। ਇਸ ਤੋਂ ਵੱਡਾ ਦੁੱਖ ਹੋਰ ਕੀ ਹੋ ਸਕਦਾ ਹੈ ਕਿ ਭਰ ਜਵਾਨੀ ਵਿੱਚ ਪੁੱਤ ਦਾ ਅੱਖਾਂ ਦੇ ਸਾਹਮਣੇ ਕਤਲ ਹੋ ਗਿਆ ਹੋਵੇ।

ਧੀਆਂ ਪੁੱਤਾਂ ਦੇ ਦੁੱਖਾਂ ਨੂੰ ਸਹਿਣਾ ਸਭ ਤੋਂ ਔਖਾ ਹੁੰਦਾ ਹੈ। ਇਹਨਾਂ ਦੋਹਾਂ ਨੇ ਬੜੀ ਸਮਝਦਾਰੀ ਨਾਲ਼ ਆਪਣੇ ਆਪ ਨੂੰ ਸੰਭਾਲਿਆ ਹੈ। ਇੱਕ ਦੂਸਰੇ ਦੀ ਢਾਲ ਬਣ ਕੇ ਸਿੱਧੂ ਦੇ ਮਾਪੇ ਖੜੇ ਰਹੇ। ਅਸਹਿ ਮਾਨਸਿਕ ਪੀੜਾਂ ਨੂੰ ਜਰਦੇ ਹੋਏ ਉਹਨਾਂ ਨੇ ਸਿੱਧੂ ਨੂੰ ਮੁੜ ਤੋਂ ਜਨਮ ਦੇਣ ਦਾ ਫ਼ੈਸਲਾ ਲਿਆ ਹੋਵੇਗਾ। ਸ਼ਾਇਦ ਕਈਆਂ ਦੀਆਂ ਗੱਲਾਂ ਵੀ ਸਹਿਣੀਆਂ ਪਈਆਂ ਹੋਣਗੀਆਂ, ਪਰ ਉਹਨਾਂ ਨੇ ਨਿਰਾਸ਼ਤਾ ਨੂੰ ਆਸ਼ਾ ਵਿੱਚ ਬਦਲਣ ਲਈ ਹਰ ਕੋਸ਼ਸ਼ ਕੀਤੀ ਅਜਿਹੀ ਸੋਚ ਨੂੰ ਸਿਜਦਾ, ਜੋ ਜ਼ਿੰਦਗੀ ਦੇ ਵਿੱਚ ਲੱਖਾਂ ਮਸੀਬਤਾਂ ਹੋਣ ਦੇ ਬਾਵਜੂਦ ਵੀ ਅੱਗੇ ਵਧੇ। ਅੱਜ ਪਰਮਾਤਮਾ ਨੇ ਉਹਨਾਂ ਦੀ ਝੋਲੀ ਵਿੱਚ ਛੋਟਾ ਸਿੱਧੂ ਪਾ ਕੇ ਅਪਾਰ ਕਿਰਪਾ ਕੀਤੀ ਹੈ।

ਪਰਮਾਤਮਾ ਉਸ ਬੱਚੇ ਨੂੰ ਲੰਬੀ ਉਮਰ ਅਤੇ ਤੰਦਰੁਸਤੀ ਬਖਸ਼ਣ। ਰੱਬ ਮਾੜੀਆਂ ਨਜ਼ਰਾਂ ਤੋਂ ਬਚਾਵੇ। ਸਿੱਧੂ ਦੇ ਮਾਪੇ ਅਸਹਿ ਪੀੜਾ ਨੂੰ ਸਹਿੰਦੇ ਜ਼ਿੰਦਗੀ ਵਿੱਚ ਅੱਗੇ ਵਧੇ। ਸਾਡੀਆਂ ਸਾਰਿਆਂ ਦੀਆਂ ਇਹੋ ਦੁਆਵਾਂ ਹਨ ਕਿ ਇਹ ਵੀ ਸਿੱਧੂ ਵਾਂਗ ਨਿੱਕਾ ਸਿੱਧੂ ਵੀ ਆਪਣੀ ਵੱਖਰੀ ਪਹਿਚਾਣ ਅਤੇ ਸ਼ਾਨ ਬਣਾਵੇ। ਮਾਪਿਆਂ ਲਈ ਜੀਣ ਦਾ ਸਹਾਰਾ, ਰੌਸ਼ਨੀ ਦੀ ਕਿਰਨ ਸਦਾ ਚਮਕਦੀ ਰਹੇ। ਬਹੁਤ ਸਾਰੀਆਂ ਦੁਆਵਾਂ, ਪਿਆਰ, ਸਤਿਕਾਰ ਤੇ ਅਸੀਸਾਂ ਦੇ ਨਾਲ਼ ਅਹਿਹੀ ਸੋਚ ਨੂੰ ਸਿਜਦਾ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਹੈ। ਰੱਬਾ! ਸਭ ਦੇ ਬੱਚੇ ਮਾਪਿਆਂ ਦੀਆਂ ਅੱਖਾਂ ਸਾਹਮਣੇ ਸਲਾਮਤ ਹਸਦੇ-ਵੱਸਦੇ ਰਹਿਣ।